# ਦਫ਼ਤਰ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

**ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E- ਬਲਾਕ, 5ਵੀਂ ਮੰਜ਼ਿਲ**
**ਫੇਜ਼-8 ਐਸ.ਏ.ਐਸ ਨਗਰ,** ਈ.ਮੇਲ dgsepunjab18@gmail.com

<u>ਹੁਕਮ</u>

ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ /2013/253-57 ਮਿਤੀ 10/05/2013

ਸ੍ਰੀ ਬਿਕਰਮ ਸਿੰਘ, ਖੇਤੀਬਾੜੀ ਮਾਸਟਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਪਈਆਂ ਜ਼ਿਲਾ ਅੰਮ੍ਰਿਤਸਰ ਵਿਰੁੱਧ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਉਕਤ ਅਧਿਆਪਕ ਮਿਤੀ 04.01.2010 ਤੋਂ ਸਕੂਲ ਵਿੱਚੋਂ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਚੱਲ ਰਿਹਾ ਹੈ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਤੋਂ ਸਥਿਤੀ ਚੈਕ ਕਰਨ ਤੇ ਉਨ੍ਹਾਂ ਨੇ ਦੱਸਿਆ ਕਿ ਉਕਤ ਅਧਿਆਪਕ ਮਿਤੀ 04.01.2010 ਤੋਂ ਸਕੂਲ ਵਿੱਚ ਨਹੀ ਆ ਰਹੇ। ਇਸ ਸਬੰਧੀ ਉਕਤ ਅਧਿਆਪਕ ਨੂੰ ਹਦਾਇਤ ਕੀਤੀ ਗਈ ਕਿ ਉਹ ਮਿਤੀ 10.05.2013 ਨੂੰ 10.00 ਵਜੇ ਤੱਕ ਸਕੂਲ ਵਿੱਚ ਆਪਣੀ ਡਿਊਟੀ ਤੇ ਹਾਜਰ ਹੋਵੇ ਪਰ ਪ੍ਰਿੰਸੀਪਲ ਤੋਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਇਹ ਅਧਿਆਪਕ ਸਕੂਲ ਵਿੱਚ ਆਪਣੀ ਡਿਊਟੀ ਤੇ ਹਾਜਰ ਨਹੀਂ ਹੋਇਆ ।

ਇਸ ਲਈ ਸ੍ਰੀ ਬਿਕਰਮ ਸਿੰਘ ਖੇਤੀਬਾੜੀ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਪਈਆਂ ਜ਼ਿਲਾ ਅੰਮ੍ਰਿਤਸਰ ਨੂੰ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਰਕੇ ਅਤੇ ਹੁਕਮ ਅਦੂਲੀ ਕਰਨ ਕਰਕੇ ਉਸ ਵਿਰੁੱਧ ਕੀਤੀ ਜਾਣ ਵਾਲੀ ਅਨੁਸ਼ਾਸਨੀ ਕਾਰਵਾਈ ਦੇ ਮੱਦੇ ਨਜ਼ਰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਰੂਪ ਨਗਰ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿਠ ਅੰਕਣ ਨੰ: ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ /2013/ ੳ੨੩ ਮਿਤੀ 10/05/2013

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)/ਪੰਜਾਬ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਅੰਮ੍ਰਿਤਸਰ ਅਤੇ ਰੂਪਨਗਰ।
3. ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਪਈਆਂ ਜ਼ਿਲਾ ਅੰਮ੍ਰਿਤਸਰ।
4. ਸਬੰਧਤ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ